JS PRBDB
Dairy No. 366
Date 24-4-17

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਤੇ ਸੜਕਾਂ -3 ਸ਼ਾਖਾ)

FR

ਸੇਵਾ ਵਿਖੇ,

PRBDB
ry No. 433
e 26.4.17

1.ਮੁੱਖ ਇੰਜੀਨੀਅਰ(ਹੈੱਡਕੁਆਰਟਰ) ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਪਟਿਆਲਾ।
2.ਮੁੱਖ ਇੰਜੀਨਅਰ (ਸਾਊਥ) ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਪਟਿਆਲਾ।
3.ਮੁੱਖ ਇੰਜੀਨਅਰ (ਵੈਸਟ)ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਪਟਿਆਲਾ।
4.ਮੁੱਖ ਇੰਜੀਨਅਰ (ਸੈਂਟਰਲ)ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਪਟਿਆਲਾ।
5.ਮੁੱਖ ਇੰਜੀਨਅਰ (ਪੀ.ਆਰ.ਬੀ.ਡੀ.ਬੀ.)ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਐੱਸ.ਏ.ਐੱਸ. ਨਗਰ ਮੋਹਾਲੀ।
6.ਮੁੱਖ ਇੰਜੀਨਅਰ (ਆਈ.ਪੀ.)ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਚੰਡੀਗੜ੍ਹ।
7.ਮੁੱਖ ਇੰਜੀਨਅਰ (ਐੱਨ.ਐੱਚ) ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਚੰਡੀਗੜ੍ਹ।

ਮੀਮੋ ਨੰ:14/19/2016-2ਇਸ3/ 9546035
ਮਿਤੀ: ਚੰਡੀਗੜ੍ਹ। 12/04/2017

**ਵਿਸ਼ਾ:- ਅਪੀਲ ਕੇਸ ਨੰ:1516/2016 - ਨੋਟਿਸ ਅੰਡਰ ਆਰ.ਟੀ.ਆਈ.ਐਕਟ 2005 ਬਾਬਤ ਸ੍ਰੀ ਵਿਜੇ ਵਾਲੀਆ ਵਿਜੇ ਲੋਜ ਰਜਬਾਹਾ ਰੋਡ ਨੇੜੇ ਹੀਰਾ ਮੋਟਰ ਪਟਿਆਲਾ।**

*****

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 14/19/2016 2ਇਸ3/9360091 ਮਿਤੀ 09/03/ ਦੇ ਹਾਵਲੇ ਵਿੱਚ।

2. ਹਵਾਲੇ ਅਧੀਨ ਪੱਤਰ ਰਾਹੀਂ ਸ੍ਰੀ ਵਿਜੇ ਵਾਲੀਆ ਵੱਲੋਂ ਮਿਤੀ 25-03-2017 ਰਾਹੀਂ ਪ੍ਰਤੀਬੇਨਤੀ ਭੇਜਦੇ ਹੋਏ ਸੂਚਿਤ ਕੀਤਾ ਹੈ ਕਿ ਲੋਕ ਨਿਰਮਾਣ ਵਿਭਾਗ ਵੱਲੋਂ ਮਾਨਯੋਗ ਸੁਪਰੀਮ ਕੋਰਟ ਵੱਲੋਂ CWP No.318 ਆਫ 2006 ਦੇ ਫੈਸਲੇ ਨੂੰ ਇੰਨ-ਬਿੰਨ ਲਾਗੂ ਨਹੀਂ ਕੀਤਾ ਗਿਆ। ਇਸ ਲਈ ਉਹ ਸਰਕਾਰ ਵੱਲੋਂ ਆਰ.ਟੀ.ਆਈ.ਤਹਿਤ ਦਿੱਤੀ ਸੂਚਨਾ ਤੋਂ ਸੈਟੀਸਫਾਈਡ ਨਹੀਂ ਹੈ।

3. ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਫੈਸਲੇ/ਹਦਾਇਤਾਂ ਨੂੰ ਡਿਸਟ੍ਰਿਕਟ ਲੀਗਲ ਸਰਵਿਸਜ ਅਥਾਰਟੀ ਪਟਿਆਲਾ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਵਿੱਚ ਪੂਰੀ ਤਰ੍ਹਾਂ ਲਾਗੂ ਕਰਨ ਲਈ ਵਰਕਸ਼ਾਪ ਹੋਈ ਸੀ। ਜਿਸ ਦੀ ਕਾਪੀ ਰਹਿਬਰੀ ਲਈ ਆਪ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਦਾ ਅਧਿਐਨ ਕਰਕੇ ਸਿਵਲ ਰਿੱਟ ਵਿੱਚ ਹੋਏ ਫੈਸਲੇ ਨੂੰ ਲੇਬਰ ਵਿਭਾਗ ਵੱਲੋਂ ਜਾਰੀ ਹਦਾਇਤਾਂ ਦੀ ਮੁਕੰਮਲ ਪਾਲਣਾ ਕਰਦੇ ਹੋਏ ਲਾਗੂ ਕੀਤਾ ਜਾਵੇ, ਕਿਉਂ ਕਿ ਇਸ ਕੇਸ ਦੀ ਸਟੇਟ ਸੂਚਨਾ ਕਮਿਸ਼ਨ ਦੇ ਦਫਤਰ ਵਿਖੇ ਮਿਤੀ 18-04-2017 ਨਿਸਚਿਤ ਕੀਤੀ ਗਈ ਹੈ। ਇਸ ਸਬੰਧ ਵਿੱਚ ਸਰਕਾਰ ਨੂੰ ਮਿਤੀ 15-04-2017 ਤੱਕ ਹਰ ਹਾਲਤ ਵਿੱਚ ਰਿਪੋਰਟ ਭੇਜਣੀ ਯਕੀਨੀ ਬਣਾਈ ਜਾਵੇ। ਤਾਂ ਜੋ ਮਾਮਲੇ ਤੇ ਮਿਤੀ 30-04-2017 ਨੂੰ ਰੀਵੀਊ ਮੀਟਿੰਗ ਕੀਤੀ ਜਾ ਸਕੇ।

ਉੱਪ ਸਕੱਤਰ,ਲੋਕ ਨਿਰਮਾਣ

464

ਪਿੱ:ਅੰ:ਨੰ: 14/19/2016-2ਇਸ3/ ਮਿਤੀ: ਚੰਡੀਗੜ੍ਹ।

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1. ਸਟੇਟ ਇੰਨਫਰਮੇਸ਼ਨ ਕਮਿਸ਼ਨ ਪੰਜਾਬ, ਐੱਸ.ਸੀ.ਓ.ਨੰ: 32-34 ਸੈਕਟਰ17-ਸੀ ਚੰਡੀਗੜ੍ਹ ਪੱ:ਨੰ: PSIC/Legal/CC/AC/2016/10348 ਮਿਤੀ 30.05.2016 ਦੇ ਹਵਾਲੇ ਵਿੱਚੇ

2. ਸ਼੍ਰੀ ਵਿਜੇ ਵਾਲੀਆ ,ਵਿਜੇ ਲੌਜ, ਰਜਬਾਹਾ ਰੋਡ, ਨੇੜੇ ਹੀਰਾ ਮੋਟਰ ਪਟਿਆਲਾ; ਦੀ ਅਰਜੀ ਮਿ 25.03.2017 ਦੇ ਹਵਾਲੇ ਵਿੱਚ।

ਉੱਪ ਸਕੱਤਰ,ਲੋਕ ਨਿਰਮਾਣ

135

**ਆਰ.ਟੀ.ਆਈ ਕੇਸ**
**ਮਿਤੀਬੱਧ**

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਤੇ ਸੜਕਾਂ -3 ਸ਼ਾਖਾ)

ਸੇਵਾ ਵਿਖੇ,

ਮੁੱਖ ਇੰਜੀਨੀਅਰ(ਹੈੱਡਕੁਆਰਟਰ)
ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ)
ਪਟਿਆਲਾ।

ਮੀਮੋ ਨੰ:14/19/2016-2ਇਸ3/ 936600/1
ਮਿਤੀ: ਚੰਡੀਗੜ੍ਹ। 09-3-2017

**ਵਿਸ਼ਾ:-** **ਅਪੀਲ ਕੇਸ ਨੰ:1516/2016 - ਨੋਟਿਸ ਅੰਡਰ ਆਰ.ਟੀ.ਆਈ.ਐਕਟ 2005 ਬਾਬਤ ਸ੍ਰੀ ਵਿਜੇ ਵਾਲੀਆ ਵਿਜੇ ਲੋਜ ਰਜਬਾਹਾ ਰੋਡ ਨੇੜੇ ਹੀਰਾ ਮੋਟਰ ਪਟਿਆਲਾ।**

*****

ਉਪਰੋਕਤ ਵਿਸ਼ੇ ਦੇ ਹਾਵਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਬਾਰੇ ਸਟੇਟ ਇੰਨਫਰਮੀਸ਼ਨ ਕਮਿਸ਼ਨ ਦੇ ਦਫਤਰ ਵੱਲੋਂ ਪ੍ਰਾਪਤ ਹੋਏ ਨੋਟਿਸ ਮਿਤੀ 30/05/2016 ਦੀ ਕਾਪੀ ਜੋ ਕਿ ਆਪ ਨੂੰ ਸਰਕਾਰ ਦੇ ਪੱ:ਨੰ:14/19/2016-2ਇਸ3//775360/1 ਮਿਤੀ 14/06/2016 ਨੂੰ ਲੋੜੀਂਦੀ ਕਾਰਵਾਈ ਕਰਨ ਲਈ ਭੇਜੀ ਗਈ ਸੀ ਦੀ ਕਾਪੀ ਮੁੜ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਕੇਸ ਵਿੱਚ ਸਿਵਲ ਰਿੱਟ ਪਟੀਸ਼ਨ ਨੰ: 318 ਆਫ 2006 ਦੇ ਕੇਸ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਕੀਤੇ ਆਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਬਾਰੇ ਮਿਤੀ 10/03/2017 ਤੋਂ ਸਰਕਾਰ ਨੂੰ ਰਿਪੋਰਟ ਭੇਜੀ ਜਾਵੇ।

ਸੁਪਰਡੰਟ

## VIJAY WALIA

Fight for the Rights of Unorganized labour, Disable person & fight against in justice

Organization Director

Center for Social Change & Equity (Regd.)

Patron: Ajmer Merwada Contractors Association, Ajmer (Raj.)

Para-Legal Volunteer (District Legal service Authority, Patiala)

Vijay lodge, Rajbaha Road near Hira Motor Patiala

Email:- vijaywalia7@gmail.com Mob:-+7508293023 Blog: www.cscepatiala.blogspot.in


Ref:- ...............

ਸੇਵਾ ਵਿਖੇ

Dated: 25-03-2017

<u>ਈ-ਮੇਲ ਰਾਹੀਂ</u>

ਉਪ ਸਕੱਤਰ,
ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਪੰਜਾਬ,
ਚੰਡੀਗੜ੍ਹ।

ਵਿਸ਼ਾ:- ਮਾਨਯੋਗ ਸੁਪਰੀਮ ਕੋਰਟ ਵੱਲੋਂ ਸੀ.ਡਬਲਯੂ.ਪੀ ਨੰ: 318 ਆਫ 2006 ਵਿੱਚ ਦਿੱਤੇ ਆਦੇਸ਼ਾ ਦੀ ਪਾਲਣਾ ਯਕੀਨੀ ਕਰਨ ਦੇ ਸਬੰਧ ਵਿੱਚ।

1. ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨਾਲ ਮਿਤੀ: 24-3-17 ਨੂੰ ਟੈਲੀਫੋਨ ਤੇ ਹੋਈ ਗਲਬਾਤ ਜਿਸ ਵਿੱਚ ਆਪ ਵੱਲੋਂ ਬੇਨਤੀ ਕਰਤਾ ਨੂੰ ਪਤੱਰ ਨੰ:937098/1 ਮਿਤੀ: 10-03-17 ਰਾਹੀਂ ਦਿੱਤੀ ਸੂਚਨਾ ਵਿੱਚ ਕਮਿਆਂ ਸਬੰਧੀ ਜਾਣਕਾਰੀ ਮੰਗੀ ਸੀ। ਬੇਨਤੀ ਕਰਤਾ ਨੇ ਆਪ ਜੀ ਨੂੰ ਦਸਿੱਆ ਕਿ ਜੋ ਸੂਚਨਾ ਬੇਨਤੀ ਕਰਤਾ ਨੂੰ ਉਕਤ ਪਤੱਰ ਰਾਹੀਂ ਦਿੱਤੀ ਗਈ ਹੈ। ਉਹ ਗਲਤ ਹੈ। ਬੇਨਤੀ ਕਰਤਾ ਵੱਲੋਂ ਪਤੱਰ ਮਿਤੀ: 18-01-16 ਰਾਹੀਂ ਮੰਗੀ ਗਈ ਸੂਚਨਾ ਦਾ ਉਪਰੋਕਤ ਦਿੱਤੀ ਗਈ ਸੂਚਨਾ ਨਾਲ ਕੋਈ ਸਬੰਧੀ ਨਹੀਂ ਹੈ ਅਤੇ ਬੇਨਤੀ ਕਰਤਾ ਦਿੱਤੀ ਗਈ ਸੂਚਨਾ ਤੋਂ ਸੇਟੀਸਫਾਈਡ ਨਹੀਂ ਹੈ। ਇਸ ਸਬੰਧ ਵਿੱਚ ਬੇਨਤੀ ਕਰਤਾ ਵਿਸਥਾਰ ਵਿੱਚ ਅਲਗ ਤੋਂ ਪਤੱਰ ਰਾਹੀਂ ਮਾਨਯੋਗ ਦੇ ਪੰਜਾਬ ਰਾਜ ਸੂਚਨਾ ਕਮਿਸ਼ਨ ਅਤੇ ਲੋਕ ਸੂਚਨਾ ਅਫਸਰ ਦਫਤਰ ਸਕੱਤਰ ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਚੰਡੀਗੜ੍ਹ ਨੂੰ ਕਮਿਆਂ ਸਬੰਧੀ ਸੂਚਿਤ ਕਰ ਦੇਵੇਗਾ। ਆਪ ਜੀ ਨਾਲ ਉਕਤ ਵਿਸ਼ੇ ਸਬੰਧੀ ਗਲਬਾਤ ਹੋਈ ਅਤੇ ਆਪ ਜੀ ਨਾਲ ਇਸ ਸਬੰਧੀ ਪਤੱਰ ਰਾਹੀਂ ਸੂਚਿਤ ਕਰਨ ਨੂੰ ਕਿਹਾ ਗਿਆ।

2. ਮਾਨਯੋਗ ਸੁਪਰੀਮ ਕੋਰਟ ਵੱਲੋਂ ਮਿਤੀ: <u>18-01-10</u> ਨੂੰ ਆਦੇਸ਼ ਦਿੱਤੇ ਕਿ All contracts with Governments shall require registration of workers under the Act and extension of benefits to such workers under the Act ਅਤੇ ਇਹ ਵੀ ਆਦੇਸ਼ ਦਿੱਤੇ ਕਿ ਬੀ.ਓ.ਸੀ.ਡਬਲਯੂ ਐਕਟ 1996 ਅਤੇ ਬੀ.ਓ.ਸੀ.ਡਬਲਯੂ ਸੈਸ ਐਕਟ 1996 ਨੂੰ ਦੇਸ਼ ਦੇ ਹਰ ਰਾਜ ਵਿੱਚ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ। ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਕਿਰਤ ਵਿਭਾਗ ਵੱਲੋਂ ਮਾਨਯੋਗ ਸੁਪਰੀਮ ਕੋਰਟ ਵੱਲੋਂ ਸੀ.ਡਬਲਯੂ.ਪੀ ਨੰ: 318 ਆਫ 2006 ਵਿੱਚ ਮਿਤੀ: 18-01-10 ਨੂੰ ਦਿੱਤੇ ਆਦੇਸ਼ ਦੀ ਪਾਲਣਾ ਲਈ ਮਾਨਯੋਗ ਗਵਰਨਰ ਪੰਜਾਬ ਦੀ ਮਨਜ਼ੂਰੀ ਨਾਲ ਹੁਕਮ ਨੰ:24/03/2012-4ਐਲ/ ਮਿਤੀ: <u>07-03-14 ਜਾਰੀ ਕੀਤੇ</u> ਗਏ। (ਜੋ ਕਿ ਪਤੱਰ ਨਾਲ ਨੱਥੀ ਹੈ) ਜਿਸ ਵਿੱਚ ਪੰਜਾਬ ਸਰਕਾਰ ਦੇ ਸਾਰੇ ਵਿਭਾਗਾ ਨੂੰ ਲਿਖਿਆ ਗਿਆ ਕਿ ਠੇਕੇਦਾਰ ਵੱਲੋਂ ਕੀਤੇ ਗਏ ਨਿਰਮਾਣ ਕੰਮ ਦਾ ਭੁਗਤਾਨ ਕਰਨ ਵਾਲਾ ਅਧਿਕਾਰੀ ਭੁਗਤਾਨ ਕਰਨ ਤੋਂ ਪਹਿਲਾ ਯਕੀਨੀ ਕਰ ਲਵੇ ਕਿ <u>ਠੇਕੇਦਾਰ ਬੀ.ਓ.ਸੀ.ਡਬਲਯੂ ਐਕਟ 1996 ਦੀ ਧਾਰਾ-7 ਵਿੱਚ ਰਜਿਸਟਰਡ ਹੈ ਅਤੇ ਠੇਕੇਦਾਰ ਕੋਲ ਕੰਮ ਕਰਨ ਵਾਲੇ ਉਸਾਰੀ ਕਿਰਤੀ ਐਕਟ ਦੀ ਧਾਰਾ-12 ਵਿੱਚ ਰਜਿਸਟਰਡ ਹਨ।</u> ਪਰ ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ ਉਕਤ ਹੁਕਮਾ ਤੋ ਸਬੰਧਿਤ ਅਧਿਕਾਰੀ ਆਦੇਸ਼ਾ ਦੀ ਪਾਲਣਾ ਨਹੀਂ ਕਰ ਰਹੇ ਹਨ। ਪੰਜਾਬ ਬੀ.ਓ.ਸੀ.ਡਬਲਯੂ ਵੈਲਫੇਅਰ ਬੋਰਡ ਵੱਲੋਂ ਰਾਜ ਸਰਕਾਰ ਦੀ ਮਨਜ਼ੂਰੀ ਨਾਲ ਹੁਕਮ ਮਿਤੀ: <u>15-4-13</u> ਜਾਰੀ ਕਰਕੇ ਕਈ ਵਿਭਾਗਾ ਦੇ ਅੰਧਿਕਾਰੀ/ਕਰਮਚਾਰੀਆਂ ਤੇ ਇਲਾਵਾ ਲੋਕ ਨਿਰਮਾਂਣ ਵਿਭਾਗ ਭੰ ਤੇ ਮ ਸ਼ਾਖਾ ਵਿਭਾਗ ਦੇ ਜੂਨੀਅਰ ਇੰਜੀਨੀਅਰਾ ਨੂੰ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਬੀ.ਓ.ਸੀ ਵਰਕਰਜ ਨੂੰ ਐਕਟ ਦੀ ਧਾਰਾ-12 ਵਿੱਚ ਰਜਿਸਟਰਡ ਕਰਨ ਦਾ ਅਧਿਕਾਰ ਦਿੱਤਾ ਗਿਆ। ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਕਿਰਤ ਵਿਭਾਗ ਵੱਲੋਂ ਮਿਤੀ: 12-8-13 ਰਾਹੀਂ ਜਾਰੀ 5 ਨੰਬਰ ਨੋਟੀਫਿਕੇਸ਼ਨਾਂ ਵਿੱਚ ਕਈ ਵਿਭਾਗਾ ਤੇ ਇਲਾਵਾ ਆਪ ਜੀ ਦੇ ਵਿਭਾਗ ਦੇ ਜੂਨੀਅਰ ਇੰਜੀਨੀਅਰਾ ਨੂੰ ਬੀ.ਓ.ਸੀ.ਡਬਲਯੂ ਸੈਸ ਐਕਟ ਦੇ ਤਹਿਤ ਸੈਸ ਕੁਲੈਕਟਰ ਨਿਯੁਕਤ ਕੀਤੇ ਗਏ, ਉਪ ਮੰਡਲ ਇੰਜੀਨੀਅਰਾ ਨੂੰ ਸੈਸ ਅਸੈਸਮੈਂਟ ਅਧਿਕਾਰੀ ਨਿਯੁਕਤ ਕੀਤੇ ਗਏ ਅਤੇ ਬੀ.ਓ.ਸੀ.ਡਬਲਯੂ ਐਕਟ 1996 ਦੀ ਧਾਰਾ-6 ਵਿੱਚ ਅਦਾਰਿਆ ਨੂੰ ਐਕਟ ਦੀ ਧਾਰਾ-7 ਵਿੱਚ ਰਜਿਸਟ੍ਰੇਸ਼ਨ ਕਰਨ ਲਈ ਰਜਿਸਟ੍ਰੇਸ਼ਨ ਅਧਿਕਾਰੀ ਨਿਯੁਕਤ ਕੀਤੇ ਗਏ। ਕਾਰਜਕਾਰੀ ਇੰਜੀਨੀਅਰਾ ਨੂੰ ਅਪੀਲੰਟ ਅਥਾਰਟੀ

# VIJAY WALIA

Fight for the Rights of Unorganized labour, Disable person & fight against in justice

Organization Director — Center for Social Change & Equity (Regd.)

Patron: Ajmer Merwada Contractors Association, Ajmer (Raj.)

Para-Legal Volunteer (District Legal service Authority, Patiala)

Vijay lodge, Rajbaha Road near Hira Motor Patiala

Email:- vijaywalia7@gmail.com Mob:-+7508293023 Blog: www.cscepatiala.blogspot.in


[illegible] ਕੀਤੇ ਗਏ। ਬੇਨਤੀ ਕਰਤਾ ਦੀ ਲਗਾਤਾਰ ਕੋਸ਼ਿਸ਼ਾ ਤੋ ਬਾਅਦ ਮੁੱਖ ਇੰਜੀਨੀਅਰ ਹੈਡ ਕੁਆਟਰ ਵੱਲੋਂ ਮੀਮੋ [illegible] 8141 ਮਿਤੀ: 22-09-14 ਰਾਹੀਂ ਸਮੂਹ ਨਿਗਰਾਨ ਇੰਜੀਨੀਅਰਾ ਨੂੰ ਉਕਤ ਆਦੇਸ਼ਾ ਅਤੇ [illegible] ਦੀ ਪਾਲਣਾ ਕਰਨ ਲਈ ਲਿਖਿਆ ਗਿਆ ਪਰ ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ ਨੰ:1 ਅਤੇ 2 [illegible] ਸ਼ਾਖਾ, ਪਟਿਆਲਾ ਵੱਲੋਂ ਬੇਨਤੀ ਕਰਤਾ ਦੀ ਕੋਸ਼ਿਸ਼ਾ ਤੋਂ ਬਾਅਦ ਉਕਤ ਆਦੇਸ਼ਾ/ਨੋਟੀਫਿਕੇਸ਼ਨਾ ਦੀ ਪਾਲਣਾ [illegible] ਕੀਤੀ ਜਾ ਰਹੀ ਹੈ ਅਤੇ ਬਾਕੀ ਕੋਈ ਵੀ ਨਿਗਰਾਨ ਇੰਜੀਨੀਅਰ ਲੋਕ ਨਿਰਮਾਣ ਭ ਤੇ ਮ ਸ਼ਾਖਾ ਉਨ੍ਹਾਂ [illegible] ਪੱਤਰ ਵਿੱਚ ਉਕਤ ਆਦੇਸ਼ਾ/ਨੋਟੀਫਿਕੇਸ਼ਨਾ ਦੀ ਪਾਲਣਾ ਨਹੀਂ ਕਰਵਾ ਰਹੇ ਹਨ। ਮੁੱਖ ਇੰਜੀਨੀਅਰ ਹੈਡ [illegible] ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਪਟਿਆਲਾ ਵੱਲੋਂ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾ ਦੀ [illegible] ਲਈ ਦਫਤਰੀ ਹੁਕਮ ਨੰ:4 ਮਿਤੀ: 4-11-14 ਰਾਹੀਂ 8 ਮੈਂਬਰੀ ਕਮੇਟੀ ਬਣਾਈ ਗਈ। ਪਰ ਪੱਤਰ ਨੰ. [illegible] ਮਿਤੀ: 13-11-14 ਜੋ ਕਿ ਪੱਤਰ ਦੇ ਨਾਲ ਨੱਥੀ ਹੈ। ਜੋ ਕਿ ਹੁਕਮ ਨੰ:4 ਮਿਤੀ: 4-11-14 ਰਾਹੀਂ [illegible] ਗਈ 8 ਮੈਂਬਰੀ ਕਮੇਟੀ ਰੱਦ ਕਰ ਦਿੱਤੀ ਗਈ।

ਬੇਨਤੀ ਕਰਤਾ ਵੱਲੋਂ ਆਪ ਜੀ ਨੂੰ ਦਸਿਆ ਗਿਆ ਕਿ ਬੇਨਤੀ ਕਰਤਾ ਦੀ ਕੋਸ਼ਿਸ਼ਾ ਤੇ ਬਾਅਦ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਰਾਜ ਦੇ ਸਮੂਹ ਏ.ਡੀ.ਸੀ(ਡੀ), ਬਲਾਕ ਡਿਵੈਲਪਮੇਂਟ ਵਿਕਾਸ ਅਤੇ ਪੰਚਾਇਤ ਅਫਸਰ ਅਤੇ ਇੰਜੀਨੀਅਰ ਸ਼ਾਖਾ ਦੇ ਅਧਿਕਾਰੀਆਂ ਦੀ 2 ਭਾਗਾ ਵਿੱਚ ਮਿਤੀ: 25-11-16 ਅਤੇ 09-12-16 ਨੂੰ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾ ਦੀ ਪਾਲਣਾ ਯਕੀਨੀ ਕਰਨ ਲਈ ਮੁਹਾਲੀ ਵਿਖੇ ਵਰਕਸ਼ਾਪ ਰੱਖੀ ਗਈ। ਵਰਕਸ਼ਾਪ ਵਿੱਚ ਰਾਜ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨਾ, ਹੁਕਮਾ ਸਬੰਧੀ ਜਾਣਕਾਰੀ ਦਿੱਤੀ ਗਈ। ਵਰਕਸ਼ਾਪ ਵਿੱਚ ਬੇਨਤੀ ਕਰਤਾ ਤੇ ਇਲਾਵਾ ਮਾਨਯੋਗ ਸਕੱਤਰ ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਵਲੋਂ ਪੰਜਾਬ ਲੀਗਲ ਸਰਵਿਸ ਅਥਾਰਟੀ ਦੀ ਨੁਮਾਇੰਦਗੀ ਕੀਤੀ ਗਈ ਅਤੇ ਕਿਰਤ ਕਮਿਸ਼ਨਰ ਪੰਜਾਬ ਨੇ ਹਿੱਸਾ ਲਿਆ।

4 ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ ਵਿਭਾਗ ਵਿੱਚ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾ ਦੀ ਪਾਲਣਾ ਵਿੱਚ ਜਾਰੀ ਰਾਜ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨਾ/ਹੁਕਮਾ ਦੀ ਪਾਲਣਾ ਯਕੀਨੀ ਕਰਨ ਲਈ ਸਕੱਤਰ ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਚੰਡੀਗੜ੍ਹ ਵੱਲੋਂ ਕੋਈ ਵੀ ਫੀਲਡ ਸਟਾਫ ਨੂੰ ਆਦੇਸ਼ ਜਾਰੀ ਨਹੀਂ ਕੀਤੇ ਗਏ ਹਨ। ਇਸੀ ਕਾਰਨ ਫੀਲਡ ਸਟਾਫ ਮਾਨਯੋਗ ਕੋਰਟ ਦੇ ਆਦੇਸ਼ਾ ਦੀ ਪਾਲਣਾ ਦੀ ਅਣਦੇਖੀ ਕਰ ਰਿਹਾ ਹੈ। ਜਦੋਂ ਕਿ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾ ਦੀ ਪਾਲਣਾ ਯਕੀਨੀ ਕਰਵਾਉਣ ਲਈ ਸਕੱਤਰ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਚੰਡੀਗੜ੍ਹ ਦੀ ਬਣਦੀ ਹੈ।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਰਾਜ ਦੇ ਸਮੂਹ ਮੁੱਖ ਇੰਜੀਨੀਅਰਾ, ਨਿਗਰਾਨ ਇੰਜੀਨੀਅਰਾ ਅਤੇ ਕਾਰਜਕਾਰੀ ਇੰਜੀਨੀਅਰਾ ਦੀ ਵਰਕਸ਼ਾਪ ਰੱਖਕੇ ਉਨ੍ਹਾਂ ਨੂੰ ਆਦੇਸ਼ ਦਿੱਤੇ ਜਾਣ ਕਿ ਮਾਨਯੋਗ ਕੋਰਟ ਵੱਲੋਂ ਸੀ.ਡਬਲਯੂ.ਪੀ ਨੰ. 318 ਆਫ 2006 ਵਿੱਚ ਦਿੱਤੇ ਆਦੇਸ਼ਾ ਦੀ ਪਾਲਣਾ ਵਿੱਚ ਪੰਜਾਬ ਰਾਜ ਸਰਕਾਰ ਵੱਲੋਂ ਜਾਰੀ ਹੁਕਮਾ, ਨੋਟੀਫਿਕੇਸ਼ਨਾ ਦੀ ਪਾਲਣਾ ਯਕੀਨੀ ਕੀਤੀ ਜਾਵੇ। ਕੀਤੀ ਗਈ ਕਾਰਵਾਈ ਤੇ ਬੇਨਤੀ ਕਰਤਾ ਨੂੰ ਸੂਚਿਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਨੱਥੀ/ਉਕਤ ਅਨੁਸਾਰ।

ਧੰਨਵਾਦ ਸਹਿਤ।

ਵਿਜੇ ਵਾਲੀਆ
ਬੇਨਤੀ ਕਰਤਾ।

# DISTRICT LEGAL SERVICES AUTHORITY
## DISTRICT COURTS COMPLEX, PATIALA


### *ਵਰਕਸ਼ਾਪ ਦਾ ਵਿਵਰਣ*

ਪੰਜਾਬ ਸਰਕਾਰ ਦੇ ਸਟੇਟ ਇੰਸਟੀਟਿਊਟ ਆਫ ਰੂਰਲ ਡਿਵੈਲਪਮੈਂਟ (S.I.R.D.) ਅਤੇ ਪੰਚਾਇਤੀ ਰਾਜ ਵਿਕਾਸ ਭਵਨ, ਸੈਕਟਰ-62, ਫੇਸ-7, ਅਜੀਤਗੜ੍ਹ ਮੋਹਾਲੀ ਵੱਲੋਂ ਮਿਤੀ: 25.11.16 ਨੂੰ ਮੋਹਾਲੀ ਵਿੱਖੇ Building & other construction workers (Regulation of Employment & Conditions of service) Act, 1996 ਅਤੇ Building and other Construction workers welfare cess act 1996 ਨੂੰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਵਿੱਚ ਪੂਰੀ ਤਰ੍ਹਾਂ ਲਾਗੂ ਕਰਨ ਲਈ ਸ਼੍ਰੀ ਅਸ਼ੀਸ਼ ਕੁਮਾਰ ਬਾਂਸਲ ਸੀ.ਜੇ.ਐਮ ਕਮ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੀ ਪ੍ਰਧਾਨਗੀ ਹੇਠ ਵਰਕਸ਼ਾਪ ਹੋਈ। ਜਿਸ ਵਿੱਚ ਮੁੱਖ ਬੁਲਾਰੇ ਸ਼੍ਰੀ ਤੇਜਿੰਦਰ ਸਿੰਘ ਧਾਲੀਵਾਲ ਕਿਰਤ ਕਮਿਸ਼ਨਰ ਕਮ ਸਕੱਤਰ ਬੀ.ਓ.ਸੀ.ਡਬਲਯੂ ਵੈਲਫੇਅਰ ਬੋਰਡ ਪੰਜਾਬ, ਸ਼੍ਰੀ ਸੁੱਚਾ ਸਿੰਘ ਬਾਂਡੀ ਉੱਪ ਸਕੱਤਰ ਬੀ.ਓ.ਸੀ.ਡਬਲਯੂ ਵੈਲਫੇਅਰ ਬੋਰਡ ਪੰਜਾਬ ਅਤੇ ਸ਼੍ਰੀ ਵਿਜੇ ਵਾਲੀਆ ਪੀ.ਐਲ.ਵੀ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਕਮ ਔਰਗਨਾਈਜੇਸ਼ਨ ਡਾਇਰੈਕਟਰ ਸੈਂਟਰ ਫਾਰ ਸੋਸ਼ਲ ਚੇਂਜ ਅਤੇ ਇਕਊਟੀ (ਰਜਿਸਟਰਡ) ਸਨ। ਵਰਕਸ਼ਾਪ ਵਿੱਚ ਪੰਜਾਬ ਰਾਜ ਦੇ ਏ.ਡੀ.ਸੀਜ (ਵਿਕਾਸ), ਬੀ.ਡੀ.ਪੀ.ਓਜ ਅਤੇ ਕਾਰਜਕਾਰੀ ਇੰਜੀਨੀਅਰਾਂ ਵੱਲੋਂ ਹਿੱਸਾ ਲਿਆ ਗਿਆ। ਸ਼੍ਰੀ ਅਸ਼ੀਸ਼ ਕੁਮਾਰ ਬਾਂਸਲ ਵਲੋਂ ਦੋਵੇ ਐਕਟਾ ਤੋਂ ਸਬੰਧਿਤ (Building & other construction workers (Regulation of Employment & Conditions of service) Act, 1996 ਅਤੇ Building and other Construction workers welfare cess act 1996) ਪਾਵਰ ਪੁਆਇੰਟ ਪੇਸ਼ਕਾਰੀ (Presentation) ਦਿੱਤੀ ਅਤੇ ਵਰਕਸ਼ਾਪ ਵਿੱਚ ਹਿੱਸਾ ਲੈਣ ਵਾਲੇ ਅਫਸਰਾ ਨੂੰ ਦੋਵੇ ਐਕਟਾ, ਮਾਨਯੋਗ ਸੁਪਰੀਮ ਕੋਰਟ ਵੱਲੋਂ ਸੀ.ਡਬਲਯੂ.ਪੀ ਨੰ: 318 ਆਫ 2006 ਵਿੱਚ ਦਿੱਤੇ ਗਏ ਆਦੇਸ਼ ਅਤੇ ਪੰਜਾਬ ਰਾਜ ਸਰਕਾਰ ਵੱਲੋਂ ਐਕਟਾ ਦੀ ਪਾਲਣਾ ਸਬੰਧੀ ਜਾਰੀ ਹੁਕਮਾ ਦੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਵੱਲੋਂ ਦੁੱਖ ਅਤੇ ਨਾਰਾਜਗੀ ਪ੍ਰਗਟ ਕੀਤੀ ਗਈ ਕਿ ਬੀ.ਓ.ਸੀ.ਡਬਲਯੂ ਐਕਟ ਅਤੇ ਬੀ.ਓ.ਸੀ.ਡਬਲਯੂ ਸੈੱਸ ਐਕਟ 1996 ਤੋਂ ਬਣੇ ਹੋਏ ਹਨ ਪਰ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾ ਦੇ ਬਾਵਜੂਦ ਵੀ ਹੁਣ ਤੱਕ ਪੂਰੀ ਤਰ੍ਹਾਂ ਲਾਗੂ ਨਹੀਂ ਹੋਏ ਹਨ। ਜਿਸ ਕਾਰਨ ਜਿਹੜੇ ਉਸਾਰੀ ਕਿਰਤੀਆਂ ਲਈ ਐਕਟ ਬਣੇ ਹਨ, ਉਨ੍ਹਾਂ ਨੂੰ ਇਸ ਐਕਟ ਦੇ ਤਹਿਤ ਸੁਵਿੱਧਾ ਅਤੇ ਲਾਭ ਨਹੀਂ ਮਿਲ ਰਹੇ ਹਨ। ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਮਿਤੀ: 18.01.2010 ਵਿੱਚ ਆਦੇਸ਼ ਦਿੱਤੇ ਗਏ ਸੀ ਕਿ ਸਾਰੈਂ ਸਰਕਾਰੀ ਠੇਕਿਆ ਵਿੱਚ ਬੀ.ਓ.ਸੀ.ਵਰਕਰਜ ਰਜਿਸਟਰਡ ਹੋਣੇ ਚਾਹੀਦੇ ਹਨ ਅਤੇ ਵਰਕਰਜ ਨੂੰ ਬਣਦੇ ਲਾਭ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ। ਮਾਨਯੋਗ ਕੋਰਟ ਦੇ ਆਦੇਸ਼ਾ ਦੀ ਪਾਲਣਾ ਵਿੱਚ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਕਿਰਤ ਵਿਭਾਗ ਵੱਲੋਂ ਮਾਨਯੋਗ ਗਵਰਨਰ ਪੰਜਾਬ ਦੀ ਮੰਜੂਰੀ ਨਾਲ ਹੁਕਮ ਮਿਤੀ: 07.03.14 ਜਾਰੀ ਕੀਤੇ ਗਏ। ਜਿਸ ਵਿੱਚ ਲਿਖਿਆ ਗਿਆ ਕਿ ਸਰਕਾਰੀ ਠੇਕਿਆ ਵਿੱਚ ਠੇਕੇਦਾਰ ਨੂੰ ਉਨ੍ਹਾਂ ਵੱਲੋਂ ਕੀਤੇ ਗਏ ਕੰਮ ਦਾ ਭੁਗਤਾਨ ਕਰਨ ਤੋਂ ਪਹਿਲਾ ਭੁਗਤਾਨ ਕਰਨ ਵਾਲਾ ਅਧਿਕਾਰੀ ਇਹ ਜਾਂਚ ਲਵੇਂ ਕਿ ਠੇਕੇਦਾਰ ਬੀ.ਓ.ਸੀ.ਡਬਲਯੂ ਐਕਟ ਦੀ ਧਾਰਾ-7 ਵਿੱਚ ਰਜਿਸਟਰਡ ਹੈ ਅਤੇ ਉਸ ਕੋਲ ਕੰਮ ਕਰਨ ਵਾਲੇ ਉਸਾਰੀ ਕਿਰਤੀ ਬੀ.ਓ.ਸੀ.ਡਬਲਯੂ ਐਕਟ ਦੀ ਧਾਰਾ-12 ਵਿੱਚ ਰਜਿਸਟਰਡ ਹਨ ਅਤੇ ਕਿਸੀ ਵੀ ਨਿੱਜੀ ਨਿਰਮਾਣ ਕੰਮ ਤੇ ਕੋਈ ਵੀ ਬਿਨ੍ਹਾਂ ਰਜਿਸਟ੍ਰੇਸ਼ਨ ਤੋਂ ਵਰਕਰ ਕੰਮ ਨਹੀਂ ਕਰ ਸਕਦਾ। ਮਾਨਯੋਗ ਕੋਰਟ ਵੱਲੋਂ ਮੁੱਖ ਲੇਖਾਕਾਰ ਜਨਰਲ ਨੂੰ ਆਦੇਸ਼ ਦਿੱਤੇ ਗਏ ਕਿ ਉਹ ਦੋਵੇ ਐਕਟਾਂ ਨੂੰ ਲਾਗੂ ਕਰਨ ਦੀ ਆਡਿਟ ਅਤੇ ਐਕਟਾਂ ਵਿੱਚ ਹੋਣ ਵਾਲੇ ਖਰਚਿਆਂ ਦੀ ਆਡਿਟ ਕੀਤੀ ਜਾਵੇ। ਪ੍ਰਮੁੱਖ ਲੇਖਾਕਾਰ ਜਨਰਲ ਪੰਜਾਬ ਵੱਲੋਂ ਮਿਤੀ: 03.02.2016 ਅਤੇ 24.02.2016 ਨੂੰ ਉਨ੍ਹਾਂ ਦੇ ਕਾਰਜ ਖੇਤਰ ਦੇ ਅਧਿਕਾਰੀਆਂ ਨੂੰ ਹੁਕਮ ਜਾਰੀ ਕੀਤੇ ਗਏ ਕਿ ਫੀਲਡ ਸਟਾਫ, ਜਿਹੜੇ ਵੀ ਵਿਭਾਗ ਵਿੱਚ ਲੇਖਾ ਦੀ ਜਾਂਚ ਪੜ੍ਹਤਾਲ ਲਈ ਜਾਵੇਗੀ ਉੱਥੇ ਇਹ ਵੀ ਜਾਂਚ ਕੀਤੀ ਜਾਵੇ ਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ ਸੀ.ਡਬਲਯੂ.ਪੀ ਨੰ: 318 ਆਫ 2006 ਵਿੱਚ ਦਿੱਤੇ ਗਏ ਆਦੇਸ਼ਾ ਦੀ ਪਾਲਣਾ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਕੀਤੀ ਜਾ ਰਹੀ ਹੈ ਜਾਂ ਨਹੀਂ।

ਬੀ.ਓ.ਸੀ.ਡਬਲਯੂ ਐਕਟ ਅਤੇ ਪੰਜਾਬ ਬੀ.ਓ.ਸੀ.ਡਬਲਯੂ ਰੂਲਜ 2008 ਦੇ ਅਨੁਸਾਰ ਜਿਸ ਵਰਕਰ ਵੱਲੋਂ ਪੰਜਾਬ ਰਾਜ ਵਿੱਚ ਚਲਦੇ ਸਾਲ ਵਿੱਚ ਘੱਟੋ-ਘੱਟ 90 ਦਿਨ ਕੰਮ ਕੀਤਾ ਹੋਵੇ। ਉਹ ਵਰਕਰ ਬੀ.ਓ.ਸੀ.ਡਬਲਯੂ ਐਕਟ ਦੀ ਧਾਰਾ-12 ਦੇ ਅਨੁਸਾਰ ਪੰਜਾਬ ਬੀ.ਓ.ਸੀ.ਡਬਲਯੂ ਵੈਲਫੇਅਰ ਬੋਰਡ ਦਾ ਲਾਭਪਾਤਰੀ ਲਈ ਰਜਿਸਟ੍ਰੇਸ਼ਨ ਕਰਵਾਉਣ ਦਾ ਹੱਕਦਾਰ ਹੈ। ਵਰਕਰਜ ਨੂੰ ਰਜਿਸਟ੍ਰੇਸ਼ਨ ਕਰਵਾਉਣ ਲਈ ਫਾਰਮ 28 ਅਤੇ 29 ਭਰਨਾ ਹੋਵੇਗਾ। ਫਾਰਮ ਦੇ ਨਾਲ ਤਿੰਨ ਫੋਟੋਆ ਅਤੇ ਇੱਕ ਪਰਿਵਾਰਿਕ ਫੋਟੋ, ਆਧਾਰ ਕਾਰਡ ਦੀ ਫੋਟੋਕਾਪੀ, ਜੇਕਰ ਆਧਾਰ ਕਾਰਡ ਤੇ ਜਨਮ ਮਿਤੀ ਪੂਰੀ ਨਾਂ ਲਿਖੀ ਹੋਵੇ ਤਾਂ ਜਨਮ ਮਿਤੀ ਦੇ ਸਬੰਧੀ ਸਵੈ-ਘੋਸ਼ਣਾ ਪਤੱਰ ਦੇਣਾ ਹੋਵੇਗਾ।ਬੈਂਕ ਖਾਤੇ ਦੀ ਫੋਟੋਕਾਪੀ ਜਿਸ ਵਿੱਚ ਅਕਾਉਂਟ ਨੰ ਅਤੇ ਆਈ.ਐਫ.ਐਸ.ਸੀ ਕੋਡ ਲਿਖਿਆ ਹੋਵੇ। ਜਿਹੜਾ ਅਦਾਰਾ ਬੀ.ਓ.ਸੀ.ਡਬਲਯੂ. ਐਕਟ ਦੀ ਧਾਰਾ-7 ਵਿੱਚ ਰਜਿਸਟਰਡ ਹੈ ਉਹ ਅਦਾਰਾ 90 ਦਿਨ ਦੀ ਕੀਤੀ ਗਈ ਮਜਦੂਰੀ ਤਸਦੀਕ ਕਰ ਸਕਦਾ ਹੈ ਨਹੀਂ ਤਾਂ ਵਰਕਰ ਨੂੰ 90 ਦਿਨ ਦੀ ਮਜਦੂਰੀ ਕੀਤੀ ਹੋਈ ਹੈ, ਦਾ ਸਵੈ-ਘੋਸ਼ਣਾ ਪਤੱਰ ਦੇਣਾ ਪਵੇਗਾ। ਸਵੈ-ਘੋਸ਼ਣਾ ਪਤੱਰ ਦੇ ਉੱਤੇ 2 ਗਵਾਂਹਾਂ ਦੇ ਦਸਤਖਤ ਪਿੰਡ ਵਿੱਚ ਰਹਿਣ ਵਾਲੇ ਵਰਕਰ ਨੂੰ ਸਰਪੰਚ/ਨੰਬਰਦਾਰ ਤੋਂ ਅਤੇ ਸ਼ਹਿਰ ਵਿੱਚ ਰਹਿਣ

ਸਾਰੇ ਵਰਕਰ ਨੂੰ ਐਮ.ਸੀ ਤੋਂ ਤਸਦੀਕ ਕਰਵਾਉਣਾ ਪਵੇਗਾ। ਵਰਕਰ ਨੂੰ ਰਜਿਸਟ੍ਰੇਸ਼ਨ ਕਰਵਾਉਣ ਲਈ ਇੱਕ ਵਾਰ 25 ਰੁਪਏ ਫੀਸ ਭਰਨੀ ਹੋਵੇਗੀ ਵਰਕਰ ਨੂੰ 120 ਰੁਪਏ ਸਾਲ ਅੰਸ਼ਦਾਨ ਰਾਸ਼ੀ 60 ਸਾਲ ਦੀ ਉਮੱਰ ਤੱਕ ਭਰਨੀ ਹੁੰਦੀ ਹੈ। ਵਰਕਰ ਅੰਸ਼ਦਾਨ ਰਾਸ਼ੀ 3 ਸਾਲ ਦੀ ਇੱਕਠੀ ਵੀ ਜਮਾ ਕਰਵਾ ਸਕਦਾ ਹੈ। ਵਰਕਰਜ ਨੂੰ ਰਜਿਸਟ੍ਰੇਸ਼ਨ ਹੋਣ ਤੇ ਪਹਿਚਾਣ ਪੱਤਰ ਡਾਇਰੀ ਦਿੱਤੀ ਜਾਵੇਗੀ।ਜਿਸ ਵਿੱਚ ਵਰਕਰ ਦੀ ਫੋਟੋ ਉਸਦੇ ਪਰਿਵਾਰ ਦਾ ਵਿਵਰਣ ਅਤੇ ਉਸ ਵੱਲੋਂ ਜਮ੍ਹਾਂ ਕਰਵਾਏ ਗਏ ਅੰਸ਼ਦਾਨ ਰਾਸ਼ੀ ਦਾ ਵਿਵਰਣ ਹੋਵੇਗਾ।ਵਰਕਰ ਨੂੰ ਡਾਇਰੀ ਦੇ ਪੰਨਾ ਨੰ: 8, ਉੱਤੇ ਮਾਲਕ/ਮਾਲਿਕਾ ਤੋਂ ਕੰਮ ਕਰਨ ਦੇ ਸਾਲ ਵਿੱਚ ਘੱਟੋ-ਘੱਟੋ 90 ਦਿਨ ਇੰਦਰਾਜ ਐਕਟ ਦੀ ਧਾਰਾ-13 ਅਨੁਸਾਰ ਕਰਵਾਉਣਾ ਜਰੂਰੀ ਹੈ। ਜੇਕਰ 1 ਸਾਲ ਵਿੱਚ ਘੱਟੋ-ਘੱਟ 90 ਦਿਨ ਦਾ ਪਹਿਚਾਣ ਪਤੱਰ/ਡਾਇਰੀ ਵਿੱਚ ਆਪਣੇ ਮਾਲਕ/ਮਾਲਿਕਾ ਤੋ ਇੰਦਰਾਜ ਨਹੀਂ ਕਰਵਾਉਦਾ ਹੈ ਤਾਂ ਉਹ ਵਰਕਰ ਐਕਟ ਦੀ ਧਾਰਾ-14 ਅਨੁਸਾਰ ਪੰਜਾਬ ਬੀ.ਓ.ਸੀ.ਡਬਲਯੂ ਵੈਲਫੇਅਰ ਬੋਰਡ ਵੱਲੋਂ ਮਿਲਣ ਵਾਲੇ ਲਾਭ/ਸੁਵਿੱਧਾ ਨਹੀਂ ਲੈ ਸਕੇਗਾ।ਵਰਕਰਜ ਨੂੰ ਰਜਿਸਟਰਡ ਕਰਨ ਲਈ ਪੰਜਾਬ ਬੀ.ਓ.ਸੀ.ਡਬਲਯੂ ਵੈਲਫੇਅਰ ਬੋਰਡ ਵੱਲੋਂ ਰਾਜ ਸਰਕਾਰ ਦੀ ਮੰਜੂਰੀ ਨਾਲ ਪਤੱਰ ਨੰ: ਪਬਕਵਵਬ/2016/9438 ਮਿਤੀ: 24.11.16 ਰਾਹੀਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਸੋਸ਼ਲ ਸਿੱਖਿਆ ਅਤੇ ਪੰਚਾਇਤ ਅਫਸਰ, ਜੂਨੀਅਰ ਇੰਜੀਨੀਅਰ ਅਤੇ ਪੰਚਾਇਤ ਅਫਸਰਾਂ ਨੂੰ ਉਨ੍ਹਾਂ ਦੇ ਕਾਰਜ ਖੇਤਰ ਵਿੱਚ ਬੀ.ਓ.ਸੀ.ਵਰਕਰਜ ਨੂੰ ਰਜਿਸਟਰਡ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ।

*ਰਜਿਸਟਰਡ ਵਰਕਰ ਨੂੰ ਮਿਲਣ ਵਾਲੀਆਂ ਸੁਵਿਧਾਵਾ/ਲਾਭ:-*

1. ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਕੁੱਲ 50,000/- ਰੁਪਏ ਤੱਕ ਪ੍ਰਤੀ ਪਰਿਵਾਰ ਪ੍ਰਤੀ ਸਾਲ ਇਲਾਜ ਕਰਵਾ ਸਕਦੇ ਹਨ।

2. ਦੁਰਘਟਨਾ ਵਿੱਚ ਮੌਤ ਹੋਣ ਦੀ ਸੂਰਤ ਵਿੱਚ 4.00 ਲੱਖ ਰੁਪਏ ਅਤੇ ਜਿਸ ਵਰਕਰ ਦਾ ਭਗਤ ਪੂਰਨ ਸਿੰਘ ਯੋਜਨਾ ਦਾ ਸਮਾਰਟ ਕਾਰਟ ਬਣਿਆ ਹੋਇਆ ਹੈ, ਉਸ ਨੂੰ 5.00 ਲੱਖ, ਕੁਦਰਤੀ ਮੌਤ ਹੋਣ ਤੇ 3.00 ਲੱਖ ਰੁਪਏ, ਪੂਰਨ ਅਪੰਗਤਾ (100%) ਹੋਣ ਤੇ 4.00 ਲੱਖ ਰੁਪਏ ਆਂਸ਼ਕ ਅਪੰਗਤਾ ਦੀ ਸੂਰਤ ਵਿੱਚ ਹਰੇਕ ਇੱਕ ਪ੍ਰਤੀਸ਼ਤ ਅਪੰਗਤਾ ਲਈ 4,000/- ਰੁਪਏ ਜੋ ਕਿ ਵੱਧ ਤੋਂ ਵੱਧ 4.00 ਲੱਖ ਰੁਪਏ।

3. ਬਚਿੱਆ ਦੀ ਪੜਾਈ, ਵਜੀਫੇ, ਵਰਦੀ ਅਤੇ ਸਟੇਸ਼ਨਰੀ ਸਹਿਤ ਮਿਲਣ ਵਾਲੀ ਸਲਾਨਾ ਰਾਸ਼ੀ:-

ੳ) ਪਹਿਲੀ ਤੋਂ ਪੰਜਵੀ ਤੱਕ ਲੜਕਿਆਂ ਲਈ 3000/- ਰੁਪਏ ਅਤੇ ਲੜਕੀਆਂ ਲਈ 4000/- ਰੁਪਏ।

ਅ) ਛੇਵੀ ਤੋ ਅਠੱਵੀਂ ਤੱਕ ਲੜਕਿਆਂ ਲਈ 5000/- ਰੁਪਏ ਅਤੇ ਲੜਕੀਆਂ ਲਈ 7000/- ਰੁਪਏ।

ੲ) ਨੌਵੀਂ ਅਤੇ ਦੱਸਵੀਂ ਤੱਕ ਲੜਕਿਆਂ ਲਈ 10000/- ਰੁਪਏ ਅਤੇ ਲੜਕੀਆਂ ਲਈ 13000/- ਰੁਪਏ।

ਸ) ਗਿਆਰ੍ਹਵੀਂ ਅਤੇ ਬਾਹਰਵੀਂ ਤੱਕ ਲੜਕਿਆਂ ਲਈ 20000/- ਰੁਪਏ ਅਤੇ ਲੜਕੀਆਂ ਲਈ 25000/- ਰੁਪਏ।

ਹ) ਗਰੈਜੂਏਸ਼ਨ/ਪੋਸਟ ਗਰੈਜੂਏਸ਼ਨ, ਆਈ.ਟੀ.ਆਈ/ਪਾਲੀਟੈਕਨਿਕ ਵਿੱਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ ਏ.ਐਨ.ਐਮ/ਜੀ.ਐਨ.ਐਮ ਕੋਰਸ ਲੜਕਿਆਂ ਲਈ 25,000/- ਜੇਕਰ ਵਿਦਿਆਰਥੀ ਹੋਸਟਲ ਰਹਿੰਦਾ ਹੈ ਤਾਂ ਕੁੱਲ 40,000/- ਰੁਪਏ ਅਤੇ ਲੜਕੀਆਂ ਲਈ 30,000/-ਰੁਪਏ। ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦੀ ਹੈ ਤਾਂ ਕੁੱਲ 45,000/- ਰੁਪਏ।

ਕ) ਮੈਡੀਕਲ/ਇੰਜੀਨੀਅਰਿੰਗ ਹਰ ਤਰ੍ਹਾਂ ਦੀ ਮੈਡੀਕਲ/ਇੰਜੀਨੀਅਰਿੰਗ ਹਰ ਤਰ੍ਹਾਂ ਦੀ ਮੈਡੀਕਲ/ਇੰਜੀਨੀਅਰਿੰਗ ਡਿਗਰੀ ਲੜਕਿਆਂ ਲਈ 40,000/- ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 60,000/- ਰੁਪਏ ਅਤੇ ਲੜਕੀਆਂ ਲਈ 50,000/- ਰੁਪਏ ਪ੍ਰਤੀ ਸਲਾਨਾ। ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦੀ ਹੈ ਤਾਂ ਕੁੱਲ 70,000/- ਰੁਪਏ।

4. ਲੜਕੀ ਦੀ ਸ਼ਾਦੀ ਲਈ ਸ਼ਗਨ ਸਕੀਮ ਅਧੀਨ 31,000/- ਰੁਪਏ ਦੀ ਰਕਮ।ਜੇਕਰ ਲੜਕੀ ਬੋਰਡ ਪਾਸ ਖੁਦ ਬਤੌਰ ਲਾਭਪਾਤਰੀ ਰਜਿਸਟਰਡ ਹੋਵੇ ਤਾਂ ਉਹ ਵੀ ਇਸ ਸਕੀਮ ਅਧੀਨ ਸ਼ਾਦੀ ਲਈ ਸ਼ਗਨ ਦੀ ਰਾਸ਼ੀ ਪ੍ਰਾਪਤ ਕਰਨ ਦੀ ਹਕੱਦਾਰ ਹੋਵੇਗੀ।

5. ਛੁੱਟੀ ਦੌਰਾਨ ਯਾਤਰਾ (ਐਲ.ਟੀ.ਸੀ) ਲਈ ਹਰ 2 ਸਾਲ ਉਪਰੰਤ 2,000/- ਰੁਪਏ।

6. ਐਨਕ (ਨਜਰ ਦੇ ਚਸ਼ਮੇ) ਲਈ 800/- ਰੁਪਏ ਦੰਦਾ ਵਾਸਤੇ 5000/- ਅਤੇ ਸੁਣਨ ਯੰਤਰ ਲਗਾਉਣ ਲਈ 6,000/- ਰੁਪਏ।

7. ਮੌਤ ਹੋਣ ਤੇ ਦਾਹ-ਸੰਸਕਾਰ ਅਤੇ ਅੰਤਿਮ ਕ੍ਰਿਆ ਲਈ 20,000/- ਰੁਪਏ।

8. ਜਨਰਲ ਸਰਜਰੀ ਵਾਸਤੇ ਵੱਧ ਤੋ ਵੱਧ 50,000/- ਰੁਪਏ ਜਾਂ ਅਸਲ ਖਰਚ ਜੋ ਵੀ ਘੱਟ ਹੋਵੇ।

9. 60 ਸਾਲ ਦੀ ਉਮਰ ਪੂਰੀ ਹੋਣ ਤੇ ਘੱਟੋ-ਘੱਟ 3 ਸਾਲ ਬੋਰਡ ਦੀ ਮੈਂਬਰਸ਼ਿਪ ਪੂਰੀ ਹੋਣ ਤੇ ਘੱਟੋ-ਘੱਟ 2000/- ਰੁਪਏ ਪ੍ਰਤੀ ਮਹੀਨਾ ਤੇ ਫੈਮਲੀ ਪੈਨਸ਼ਨ 1000/- ਰੁਪਏ ਪ੍ਰਤੀ ਮਹੀਨਾ।

10. 9ਵੀਂ ਤੋਂ 12ਵੀਂ ਕਲਾਸ ਤੱਕ ਪੜ੍ਹਾਈ ਦੌਰਾਂਨ ਮੁਫਤ ਸਾਇਕਲ ਦਿੱਤਾ ਜਾਵੇਗਾ। ਇੱਕ ਸਾਲ ਦੀ ਮੈਂਬਰਸ਼ਿਪ ਤੋਂ ਬਾਅਦ ਉਸਾਰੀ ਕਿਰਤੀ ਨੂੰ ਸਾਇਕਲ ਮਿਲੇਗਾ ਜੋ ਹਰ ਪੰਜ ਸਾਲਾਂ ਬਾਅਦ ਦੋਬਾਰਾ ਮਿਲੇਗਾ।

11. ਪਹਿਲੇ ਦੋ ਬੱਚਿਆਂ ਦੇ ਜਨਮ ਸਮੇਂ ਪ੍ਰਸੂਤਾ ਸਕੀਮ ਅਧੀਨ 5000/- ਰੁਪਏ ਜੇਕਰ ਔਰਤ ਖੁੱਦ ਮੈਂਬਰ ਹੈ ਤਾਂ 21,000/- ਰੁਪਏ।

12. ਟੂਲਜ (ਔਜ਼ਾਰ) ਖ੍ਰੀਦਣ ਲਈ 5000/- ਰੁਪਏ।

13. ਖਤਰਨਾਕ ਬੀਮਾਰੀਆਂ ਦੇ ਇਲਾਜ ਲਈ ਵੱਧ ਤੋਂ ਵੱਧ 1.00 ਲੱਖ ਰੁਪਏ ਦੀਆਂ ਸੁਵਿੱਧਾਵਾ ਮਿਲਣਗੀਆਂ।

14. ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ ਦੀ ਸਾਂਭ-ਸੰਭਾਲ ਵਾਸਤੇ 20,000/- ਸਲਾਨਾ ਵਿੱਤੀ ਸਹਾਇਤਾ ਸਕੀਮ।

15. ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨ ਦਾ ਸਾਰਾ ਖਰਚਾ ਹੋਸਟਲ ਸਹਿਤ ਬੋਰਡ ਵੱਲੋਂ ਕੀਤਾ ਜਾਵੇਗਾ।

16. ਬਾਲੜੀ ਜਨਮ ਤੋਹਫਾ ਸਕੀਮ ਤਹਿਤ ਲੜਕੀ ਦੇ ਜਨਮ 'ਤੇ 51,000/- ਰੁਪਏ ਦੀ ਫਿਕਸ ਰਾਸ਼ੀ ਪੰਜਾਬ ਬੀ.ਓ.ਸੀ.ਡਬਲਯੂ. ਵੈਲਫੇਅਰ ਬੋਰਡ ਵੱਲੋਂ ਦਿੱਤੀ ਜਾਵੇਗੀ।

ਸ੍ਰੀ ਅਸ਼ੀਸ਼ ਕੁਮਾਰ ਬਾਂਸਲ ਅਤੇ ਮੁੱਖ ਬੁਲਾਰਿਆ ਵੱਲੋਂ ਵਰਕਸ਼ਾਪ ਵਿੱਚ ਹਿੱਸਾ ਲੈਣ ਵਾਲੇ ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ ਗਈ ਕਿ ਬੀ.ਓ.ਸੀ.ਡਬਲਯੂ ਐਕਟ 1996 ਦੀ ਧਾਰਾ-2(ਡੀ) ਦੇ ਅਨੁਸਾਰ ਇਹ ਕੰਮ ਬੀ.ਓ.ਸੀ.ਡਬਲਯੂ ਐਕਟ ਦੇ ਤਹਿਤ ਆਉਂਦੇ ਹਨ "building or other construction work" means the construction, alteration, repairs, maintenance or demolition of or in relation to, buildings, streets, roads, railways, tramways, airfields, irrigation, drainage, embankment and navigation works, flood control works (including storm water drainage works), generation, transmission and distribution of power, waterworks (including channels for distribution of water), oil and gas installations, electric lines, wireless, radio, television, telephone, telegraph and overseas communications, dams, canals, reservoirs, watercourses, tunnels, bridges, viaducts, aqueducts, pipelines, towers, cooling towers, transmission towers and such other work as may be specified in this behalf by the appropriate Government, by notification.

ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਕਿਰਤ ਵਿਭਾਗ ਵੱਲੋ ਨੋਟੀਫਿਕੇਸ਼ਨ ਨੰ: **No.S.O.109/C.A.27/1996/S.2/2013** ਮਿਤੀ: 02-12-2013 ਰਾਹੀਂ ਇਹ ਕੰਮਾ ਦੇ ਕਿਰਤੀਆ ਨੂੰ ਬੀ.ਓ.ਸੀ.ਡਬਲਯੂ ਐਕਟ ਵਿੱਚ ਜੋੜੇ ਗਏ। Making and erection of Tent or Pandal, Making and erection of Hoardings or Banners, Maintenance by way of sweeping and cleaning of building or other construction work, Making and transportation of raw bricks, Stone breaking work except stone breaking by Power Crushers, Tiles or block making from fly ash, cement and other material, Cutting, stacking or transportation of wood in Saw Mills; and Cutting and fitting of glass. ਉਪਰੋਕਤ ਕੰਮ ਕਰਨ ਵਾਲੇ ਅਦਾਰੇ ਅਤੇ ਕਿਰਤੀ ਇਸ ਐਕਟ ਵਿੱਚ ਆਉਂਦੇ ਹਨ। ਉਪਰੋਕਤ ਕੰਮਾ ਵਿੱਚੋਂ ਕੋਈ ਵੀ ਕੰਮ ਸਰਕਾਰ ਦਾ ਕੋਈ ਵੀ ਵਿਭਾਗ ਖੁੱਦ ਕਰਵਾਏ ਤਾਂ ਉਸ ਵਿਭਾਗ ਨੂੰ ਬੀ.ਓ.ਸੀ.ਡਬਲਯੂ ਸੈੱਸ ਐਕਟ ਦੇ ਤਹਿਤ ਸੈੱਸ ਦੇਣਾ ਹੁੰਦਾ ਹੈ ਜੇਕਰ ਸਰਕਾਰ ਦਾ ਕੋਈ ਵੀ ਵਿਭਾਗ ਠੇਕੇਦਾਰ ਰਾਹੀਂ ਉਪਰੋਕਤ ਕੰਮਾ ਵਿੱਚੋ ਕੋਈ ਵੀ ਕੰਮ ਕਰਵਾਉਂਦਾ ਹੈ ਤਾਂ ਠੇਕੇਦਾਰ ਵੱਲੋਂ ਸੈੱਸ ਦੇਣਾ ਹੁੰਦਾ ਹੈ।ਜੇਕਰ ਕੋਈ ਅਦਾਰਾ ਨਿੱਜੀ ਤੋਰ ਤੇ ਉਪਰੋਕਤ ਕੰਮਾ ਵਿੱਚੋਂ ਕੋਈ ਕੰਮ ਕਰਦਾ/ਕਰਵਾਉਂਦਾ ਹੈ ਤਾਂ ਉਸ ਨੂੰ ਸੈੱਸ ਖੁੱਦ ਦੇਣਾ ਹੁੰਦਾ ਹੈ।ਐਕਟ ਦੀ ਧਾਰਾ-7 ਦੇ ਅਨੁਸਾਰ ਜਿਸ ਅਦਾਰੇ ਕੋਲ ਚਾਲੂ ਸਾਲ ਵਿੱਚ 10 ਜਾਂ 10 ਤੋਂ ਜਿਆਦਾ ਕਿਰਤੀ ਕੰਮ ਕਰਦੇ ਹਨ। ਉਸ ਅਦਾਰੇ ਨੂੰ ਐਕਟ ਦੇ ਤਹਿਤ ਰਜਿਸਟ੍ਰੇਸ਼ਨ ਕਰਵਾਉਣਾ ਜਰੂਰੀ ਹੁੰਦਾ ਹੈ। ਅਦਾਰਿਆ ਦੀ ਰਜਿਸਟ੍ਰੇਸ਼ਨ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਦੇ ਬੀ.ਡੀ.ਪੀ.ਓ ਨੂੰ ਉਨ੍ਹਾਂ ਦੇ ਕਾਰਜ ਖੇਤਰ ਦੇ ਅੰਦਰ ਰਾਜ ਸਰਕਾਰ ਵੱਲੋਂ ਮਿਤੀ: 12.08.2013 ਤੋਂ ਅਧਿਕਾਰ ਦਿੱਤੇ ਹੋਏ ਹਨ, ਜੇਕਰ ਕਿਸੇ ਕਾਰਨ ਅਦਾਰੇ ਦੀ ਰਜਿਸਟ੍ਰੇਸ਼ਨ, ਰਜਿਸਟ੍ਰੇਸ਼ਨ ਅਧਿਕਾਰੀ (ਬੀ.ਡੀ.ਪੀ.ਓ) ਵੱਲੋਂ ਨਹੀਂ ਕੀਤੀ ਜਾਂਦੀ ਹੈ ਤਾਂ ਉਹ ਅਦਾਰਾ ਰਜਿਸਟਰਿੰਗ ਅਥਾਰਟੀ ਦੇ ਫੈਸਲੇ ਦੇ ਖਿਲਾਫ ਅਪੀਲ ਦਾਇਰ ਕਰ ਸਕਦਾ ਹੈ। ਪੰਜਾਬ ਰਾਜ ਸਰਕਾਰ ਵੱਲੋਂ ਏ.ਡੀ.ਸੀਜ਼ ਵਿਕਾਸ ਨੂੰ ਅਪੀਲ ਸੁਣਨ ਦੇ ਅਧਿਕਾਰ ਮਿਤੀ: 12.08.2013 ਤੋਂ ਦਿੱਤੇ ਹੋਏ ਹਨ। ਅਦਾਰੇ ਵੱਲੋਂ ਰਜਿਸਟ੍ਰੇਸ਼ਨ ਨਾਂ ਕਰਵਾਉਣ ਤੇ, ਅਦਾਰੇ ਦੀ ਰਜਿਸਟ੍ਰੇਸ਼ਨ ਅਧਿਕਾਰੀ ਵੱਲੋਂ ਰਜਿਸਟ੍ਰੇਸ਼ਨ ਨਾਂ ਕਰਨ ਦੇ ਖਿਲਾਫ ਅਪੀਲ ਖਾਰਿਜ ਹੋਣ ਤੇ ਐਕਟ ਦੀ ਧਾਰਾ-10 ਦੇ ਅਨੁਸਾਰ ਉਹ ਅਦਾਰਾ ਕਿਸੀ ਵੀ ਕਿਰਤੀ ਨੂੰ ਕੰਮ ਤੇ ਨਹੀਂ ਰੱਖ ਸਕਦਾ। ਐਕਟ ਦੇ ਅਨੁਸਾਰ ਅਦਾਰੇ ਨੂੰ ਕੰਮ ਦੀ ਥਾਂ ਤੇ ਕਿਰਤੀਆਂ ਲਈ ਪੀਣ ਵਾਲੇ ਸਾਫ-ਪਾਣੀ ਦੀ ਵਿਵਸਥਾ, ਟੁਆਇਲਟ ਦੀ ਵਿਵਸਥਾ ਅਤੇ ਉਨ੍ਹਾਂ ਦੇ ਰਹਿਣ ਦੀ ਵਿਵਸਥਾ ਕਰਨਾ ਜਰੂਰੀ ਹੈ। ਐਕਟ ਦੀ ਧਾਰਾ-40 ਦੇ ਅਨੁਸਾਰ

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਤੇ ਸੜਕਾਂ -3 ਸ਼ਾਖਾ)

ਸੇਵਾ ਵਿਖੇ,

1. ਮੁੱਖ ਇੰਜੀਨੀਅਰ(ਹੈੱਡਕੁਆਰਟਰ) ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਪਟਿਆਲਾ।
2. ਮੁੱਖ ਇੰਜੀਨਅਰ (ਸਾਊਥ) ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਪਟਿਆਲਾ।
3. ਮੁੱਖ ਇੰਜੀਨਅਰ (ਵੈਸਟ)ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਪਟਿਆਲਾ।
4. ਮੁੱਖ ਇੰਜੀਨਅਰ (ਸੈਂਟਰਲ)ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਪਟਿਆਲਾ।
5. ਮੁੱਖ ਇੰਜੀਨਅਰ (ਪੀ.ਆਰ.ਬੀ.ਡੀ.ਬੀ.)ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਐੱਸ.ਏ.ਐੱਸ. ਨਗਰ ਮੋਹਾਲੀ।
6. ਮੁੱਖ ਇੰਜੀਨਅਰ (ਆਈ.ਪੀ.)ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਚੰਡੀਗੜ੍ਹ।
7. ਮੁੱਖ ਇੰਜੀਨਅਰ (ਐੱਨ.ਐੱਚ) ਲੋਕ ਨਿਰਮਾਣ ਵਿਭਾਗ,(ਭ ਤੇ ਮ ਸ਼ਾਖਾ), ਚੰਡੀਗੜ੍ਹ।

J/S PRBDB
Dairy No. 1058
Date 25-5-17

ਮੀਮੋ ਨੰ: 14/19/2016-2ਇਸ3 978079/1-7.
ਮਿਤੀ: ਚੰਡੀਗੜ੍ਹ। 16-5-2017.

ਵਿਸ਼ਾ:- ਸ੍ਰੀ ਵਿਜੇ ਵਾਲੀਆ ਵੱਲੋਂ ਆਰ.ਟੀ.ਆਈ.ਐਕਟ ਅਧੀਨ ਮੰਗੀ ਗਈ ਸੂਚਨਾ ਦੇ ਸਬੰਧ ਵਿੱਚ ਮੁੜ ਪ੍ਰਾਪਤ ਹੋਈ ਪ੍ਰਤੀ ਬੇਨਤੀ ਅਨੁਸਾਰ ਮਿਤੀ 11.05.2017 ਨੂੰ ਸਵੇਰੇ 10:00 ਵਜੇ ਮਾਨਯੋਗ ਸਕੱਤਰ ਲੋਕ ਨਿਰਮਾਣ ਜੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੀ ਕਾਰਵਾਈ ਰਿਪੋਰਟ ਜਾਰੀ ਕਰਨ ਬਾਰੇ।

******

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 14/19/2016-2ਇਸ3/972681/1-7 ਮਿਤੀ 09.05.2017 ਦੇ ਹਵਾਲੇ ਵਿੱਚ

ਵਿਸ਼ਾ ਅੰਕਿਤ ਮਾਮਲੇ ਬਾਰੇ ਸ੍ਰੀ ਵਿਜੇ ਵਾਲੀਆ ਪਟਿਆਲਾ ਵੱਲੋਂ ਪ੍ਰਾਪਤ ਹੋਈ ਪ੍ਰਤੀਬੇਨਤੀ ਮਿਤੀ 25/03/2017 ਦੇ ਸਬੰਧ ਵਿੱਚ ਮਾਨਯੋਗ ਸੁਪਰੀਮ ਕੋਰਟ ਦੇ ਸਿਵਲ ਪਟੀਸ਼ਨ ਨੰਬਰ 318 ਆਫ 2006 ਵਿੱਚ ਕੀਤੇ ਹੁਕਮਾਂ ਦੀ ਪਾਲਣਾ ਬਾਰੇ ਮਾਨਯੋਗ ਸਕੱਤਰ ਲੋਕ ਨਿਰਮਾਣ ਜੀ ਵੱਲੋਂ ਉਨ੍ਹਾਂ ਦੇ ਦਫਤਰੀ ਕਮਰਾ ਨੰ: 723 ਸੱਤਵੀਂ ਮੰਜ਼ਲ ਪੰਜਾਬ ਸਿਵਲ ਸਕੱਤਰੇਤ-2 ਵਿਖੇ ਮਿਤੀ 11-05-2017 ਨੂੰ ਸਵੇਰੇ 10:00 ਵਜੇ ਮੀਟਿੰਗ ਨਿਸਚਿਤ ਕੀਤੀ ਗਈ ਸੀ, ਜਿਸ ਦੀ ਕਾਰਵਾਈ ਰਿਪੋਰਟ ਆਪ ਨੂੰ ਨਾਲ ਨੱਥੀ ਕਰਕੇ ਅਗਲੇਰੀ ਲੋੜੀਂਦੀ ਕਾਰਵਾਈ/ਇੰਨ-ਬਿੰਨ ਪਾਲਣਾ ਕਰਨ ਲਈ ਭੇਜੀ ਜਾਂਦੀ ਹੈ।

ਉੱਪ ਸਕੱਤਰ ਲੋਕ ਨਿਰਮਾਣ

ਵਿਸ਼ਾ: **Proceedings regarding Supreme Court directions in CWP No. 318 of 2016-RTI Case.**

**************

ਮਾਨਯੋਗ ਸੁਪਰੀਮ ਕੋਰਟ ਵੱਲੋਂ ਸਿਵਲ ਰਿਟ ਪਟੀਸ਼ਨ ਨੰ: 318 ਆਫ 2006 ਵਿੱਚ ਕੀਤੇ ਆਦੇਸ਼ਾਂ ਮਿਤੀ 18-1-2010 ਦੀ ਪਾਲਣਾ ਕਰਨ ਸਬੰਧੀ ਆਰ.ਟੀ.ਆਈ ਕਮਿਸ਼ਨ ਵਿਖੇ ਅਪੀਲ ਕੇਸ ਨੰ: 1516/2016 ਬਾਰੇ ਮਾਨਯੋਗ ਸਕੱਤਰ, ਲੋਕ ਨਿਰਮਾਣ ਵਿਭਾਗ ਜੀ ਦੀ ਪ੍ਰਧਾਨਗੀ ਹੇਠ ਮਿਤੀ 11.05.2017, ਨੂੰ 10 ਵਜੇ ਉਪਰੋਕਤ ਸਬੰਧੀ ਮੀਟਿੰਗ ਕੀਤੀ ਗਈ।

ਇਸ ਮੀਟਿੰਗ ਵਿੱਚ ਨਿਮਨ ਲਿਖਤ ਅਧਿਕਾਰੀ ਹਾਜ਼ਰ ਹੋਏ:-

1. ਸ੍ਰੀਮਤੀ ਮਾਧਵੀ ਕਟਾਰੀਆ, ਵਿਸ਼ੇਸ਼ ਸਕੱਤਰ, ਲੋਕ ਨਿਰਮਾਣ ਵਿਭਾਗ
2. ਸ੍ਰੀਮਤੀ ਧਰਮ ਦੇਵੀ, ਉਪ ਸਕੱਤਰ, ਲੋਕ ਨਿਰਮਾਣ ਵਿਭਾਗ,
3. ਮੁੱਖ ਇੰਜੀਨੀਅਰ (ਹੈਡਕੁਆਟਰ) ਲੋਕ ਨਿਰਮਾਣ ਵਿਭਾਗ, ਪਟਿਆਲਾ
4. ਮੁੱਖ ਇੰਜੀਨੀਅਰ (ਸਾਊਥ) ਲੋਕ ਨਿਰਮਾਣ ਵਿਭਾਗ, ਪਟਿਆਲਾ
5. ਮੁੱਖ ਇੰਜੀਨੀਅਰ (ਵੈਸਟ) ਲੋਕ ਨਿਰਮਾਣ ਵਿਭਾਗ, ਪਟਿਆਲਾ
6. ਮੁੱਖ ਇੰਜੀਨੀਅਰ (ਸੈਂਟਰਲ) ਲੋਕ ਨਿਰਮਾਣ ਵਿਭਾਗ, ਪਟਿਆਲਾ
7. ਮੁੱਖ ਇੰਜੀਨੀਅਰ (ਪੀ.ਆਰ.ਬੀ.ਡੀ.ਬੀ) ਲੋਕ ਨਿਰਮਾਣ ਵਿਭਾਗ, ਮੁਹਾਲੀ
8. ਮੁੱਖ ਇੰਜੀਨੀਅਰ (ਆਈ.ਪੀ.), ਲੋਕ ਨਿਰਮਾਣ ਵਿਭਾਗ, ਚੰਡੀਗੜ੍ਹ
9. ਮੁੱਖ ਇੰਜੀਨੀਅਰ (ਐਨ.ਐਚ) ਲੋਕ ਨਿਰਮਾਣ ਵਿਭਾਗ, ਚੰਡੀਗੜ੍ਹ।

1. ਮਾਨਯੋਗ ਸਕੱਤਰ ਜੀ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਮਾਨਯੋਗ ਸੁਪਰੀਮ ਕੋਰਟ ਦੇ ਸੀ.ਡਬਲਯੂ.ਪੀ.318 ਆਫ 2006 ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਮੁੱਖ ਇੰਜੀਨੀਅਰ (ਹੈਡਕੁਆਟਰ) ਵੱਲੋਂ ਸਮੂਹ ਨਿਗਰਾਨ ਇੰਜੀਨੀਅਰਾਂ ਨੂੰ ਮਿਤੀ 28.07.16, 29.07.16, 30.09.16, 27.01.17, 16.02.17 ਸਰਕਾਰ ਦੁਆਰਾ ਮਿਤੀ 10.05.17 ਰਾਹੀਂ ਹਦਾਇਤਾਂ ਕੀਤੀਆਂ ਗਈਆਂ ਸਨ। ਮੰਡਲ ਦਫਤਰਾਂ ਦੇ ਠੇਕੇਦਾਰਾਂ ਅਤੇ ਉਸਾਰੀ ਕਿਰਤੀਆਂ ਨੂੰ ਬੀ.ਓ.ਸੀ.ਡਬਲਿਯੂ ਐਕਟ 1996 ਦੀ ਧਾਰਾ 7 ਅਤੇ 12 ਅਧੀਨ Punjab Building & other constructs on Workers Welfare Board ਵਿੱਚ ਰਜਿਸਟਰੇਸ਼ਨ ਕਰਵਾਏ ਜਾਣ ਅਤੇ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਵਜੋਂ ਜਾਰੀ ਕੀਤੀਆਂ ਹਦਾਇਤਾ ਦੀ Compliance ਕਰ ਕੇ ਸੂਚਿਤ ਕਰਨ ਬਾਰੇ ਹਦਾਇਤ ਕੀਤੀ ਗਈ। ਸਰਕਾਰ ਪੱਧਰ ਤੇ ਮਿਤੀ 12.4.2017 ਅਤੇ 2.5.17 ਨੂੰ ਅ.ਸ.ਪੱਤਰ ਸਾਰੇ ਮੁੱਖ ਇੰਜੀਨੀਅਰਾਂ ਨੂੰ ਯੋਗ ਕਾਰਵਾਈ ਕਰ ਕੇ ਪ੍ਰਗਤੀ ਰਿਪੋਰਟ ਭੇਜਣ ਲਈ ਲਿਖਿਆ ਗਿਆ ਪ੍ਰੰਤੂ ਹਾਲੇ ਤੱਕ ਯੋਗ ਕਾਰਵਾਈ ਨਹੀਂ ਹੋਈ ਹੈ।

ਸਕੱਤਰ ਜੀ ਦੁਆਰਾ ਇਸ ਦਾ ਗੰਭੀਰ ਨੋਟਿਸ ਲਿਆ ਗਿਆ। ਹਾਜ਼ਰ ਮੁੱਖ ਇੰਜੀਨੀਅਰਾਂ ਵਲੋਂ ਦੱਸਿਆ ਗਿਆ ਹੈ ਕਿ ਇਹਨਾਂ ਹੁਕਮਾਂ ਦੀ ਠੇਕੇਦਾਰਾਂ ਵੱਲੋਂ ਜਾਣਬੁਝ ਕੇ ਪਾਲਣਾ ਨਹੀਂ ਕੀਤੀ ਜਾ ਰਹੀ ਜਾਂ ਫਿਰ ਉਨ੍ਹਾਂ ਨੂੰ ਇਸ ਐਕਟ ਬਾਰੇ ਜਾਣਕਾਰੀ ਨਹੀਂ ਹੈ। ਇਸ ਲਈ ਇਹ ਫੈਸਲਾ ਲਿਆ ਗਿਆ ਕਿ ਇਕ ਮਹੀਨੇ ਦੇ ਅੰਦਰ ਅੰਦਰ ਇਹਨਾਂ ਹੁਕਮਾਂ/ਐਕਟ ਦੀਆਂ ਧਾਰਾਵਾਂ ਬਾਰੇ ਜਾਣਕਾਰੀ ਦੇਣ ਅਤੇ sensitise ਕਰਵਾਉਣ ਲਈ ਇਕ ਵਰਕਸ਼ਾਪ/ਸੈਮੀਨਾਰ ਕਰਵਾਇਆ ਜਾਵੇਗਾ। ਜਿਸ ਵਿੱਚ ਹੇਠ ਲਿਖੇ ਨੁਮਾਇੰਦਿਆਂ ਨੂੰ ਸ਼ਾਮਲ ਕੀਤਾ ਜਾਵੇ:-

1) ਸ੍ਰੀ ਐਸ.ਐਸ.ਬਾਂਦੀ, ਵਧੀਕ ਕਿਰਤ ਕਮਿਸ਼ਨਰ, ਕਿਰਤ ਵੈਲਫੇਅਰ ਬੋਰਡ
2) ਸਮੂਹ ਮੁੱਖ ਇੰਜੀਨੀਅਰ, ਐਕਸ਼ੀਅਨਜ, ਠੇਕੇਦਾਰ ਅਤੇ ਕੰਸਟਰਕਸ਼ਨ ਐਸੋਸੀਏਸ਼ਨ ਦੇ ਨੁਮਾਇੰਦੇ

2. ਇਹ ਵੀ ਫੈਸਲਾ ਕੀਤਾ ਗਿਆ ਕਿ ਮਹੀਨਾਵਾਰ ਰੀਵਿਊ ਮੀਟਿੰਗ ਵਿੱਚ ਇਸ ਮਾਮਲੇ ਸਬੰਧੀ ਰੈਗੂਲਰ ਏਜੰਡਾ ਪੇਸ਼ ਹੋਇਆ ਕਰੇ ਅਤੇ ਐਕਸੀਅਨਾਂ ਤੋਂ ਪ੍ਰਗਤੀ ਰਿਪੋਰਟ ਲੈ ਕੇ ਏਜੰਡਾ ਡਿਸਕਸ ਹੋਵੇਗਾ ਤਾਂ ਜੋ ਮਾਨਯੋਗ ਸੁਪਰੀਮ ਕੋਰਟ ਦਾ ਫੈਸਲਾ ਅਤੇ ਸੀਨੀਅਰ ਲੇਖਾ ਅਫਸਰ (ਵਰਕਸ ਐਡਮਿਨ) ਦੇ ਪੱਤਰ ਨੰ: W.Admn/101(3)/Misc./15-16/419-24 Dated 26.06.2015 ਜਿਸ ਰਾਹੀਂ ਸਕੱਤਰ ਪੀ.ਡਬਲਯੂ.ਡੀ.

ਬੀ.ਐਂਡ.ਆਰ, ਪੰਜਾਬ ਨੂੰ ਵਿਸ਼ਾ:- Implementation of order of Hon'ble Supreme Court in the CWP No. 318 of 2006 Case ਤੇ ਪੱਤਰ ਵਿੱਚ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਯਕੀਨੀ ਕਰਨ ਲਈ ਲਿਖਿਆ ਗਿਆ ਸੀ, ਦੀ ਇੰਨ ਬਿੰਨ ਪਾਲਣਾ ਹੋ ਸਕੇ।

3. ਸਕੱਤਰ ਲੋਕ ਨਿਰਮਾਣ ਜੀ ਨੇ ਇਹ ਆਦੇਸ਼ ਵੀ ਦਿੱਤੇ ਕਿ ਮਹੱਤਵਪੂਰਨ policies, rules, instructions, orders ਨੂੰ ਵਿਭਾਗ ਦੀ ਵੈਬ-ਸਾਈਟ ਤੇ ਪਾਇਆ ਜਾਵੇ। ਇਸ ਲਈ ਮੁੱਖ ਇੰਜੀਨੀਅਰ, ਪੀ.ਆਰ.ਬੀ.ਡੀ.ਬੀ. ਨੂੰ ਸਬੰਧਤ ਕਾਗਜਾਤ ਭੇਜਣੇ ਯਕੀਨੀ ਬਣਾਏ ਜਾਣ ਅਤੇ ਉਹਨਾਂ ਦੇ ਦਫਤਰ ਵਲੋਂ ਵੈਬ-ਸਾਈਟ ਤੇ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ।

ਸਕੱਤਰ ਜੀ ਦੇ ਧੰਨਵਾਦ ਨਾਲ ਮੀਟਿੰਗ ਖਤਮ ਹੋਈ।